# ਮੇਰੇ ਮਨ ਵਿਚ ਮੀਂਹ ਬਰਸਾ ਦੇ ਰਹਿਮਤਾਂ ਦਾ ਤੂੰ ਮਾਲਕਾ

ਮੇਰੇ ਮਨ ਵਿਚ ਮੀਂਹ ਬਰਸਾ ਦੇ, ਰਹਿਮਤਾਂ ਦਾ ਤੂੰ ਮਾਲਕਾ ।
ਮੈਨੂੰ ਅਨਹਦ ਨਾਦ ਸੁਣਾਦੇ, ਚੌਰਾਸੀ ਕੱਟੂ ਮੇਰੀ ਮਾਲਕਾ ॥
ਮੇਰੇ ਮਨ ਵਿਚ ਮੀਂਹ ਬਰਸਾ ਦੇ...

ਦਿਨੇ ਚੜ੍ਹੇ ਸੂਰਜ ਤੇ, ਰਾਤੀ ਚੜ੍ਹੇ ਚੰਨ ਬਈ,
ਲੌਂ ਵਿਚ ਰਹੇ ਮੇਰਾ, ਹਰ ਵੇਲੇ ਮਨ ਬਈ ।
ਮੇਰੀ ਸੁਰਤ ਟਿਕਾਣੇ ਤੇ ਬਿਠਾ ਦੇ, ਹਰ ਵੇਲੇ ਮੇਰੇ ਮਾਲਕਾ ॥
ਮੇਰੇ ਮਨ ਵਿਚ ਮੀਂਹ ਬਰਸਾ ਦੇ...

ਅੱਠੇ ਪਹਿਰ ਤੇਰਾ ਸਾਨੂੰ, ਸ਼ਬਦ ਸੁਣਾਈ ਹੋਵੇ,
ਮੱਥੇ ਵਿਚ ਮੇਰੇ ਦਾਤਾ, ਖੁਦਾ ਦੀ ਖੁਦਾਈ ਹੋਵੇ ।
ਮੇਰਾ ਦਸਵਾਂ ਦੁਆਰ ਖੁੱਲ ਜਾਵੇ, ਦਇਆ ਕਰ ਮੇਰੇ ਮਾਲਕਾ ॥
ਮੇਰੇ ਮਨ ਵਿਚ ਮੀਂਹ ਬਰਸਾ ਦੇ...

'ਕਪਲ' ਦੀ ਸੁੱਧ ਬੁੱਧ, ਰਹੇ ਤੇਰੀ ਰੌਂ ਵਿਚ,
ਤੁਰੇ ਫਿਰੇ ਜੱਗ ਵਿਚ, ਰਹੇ ਤੇਰੀ ਛੌਂਹ ਵਿਚ ।
ਤੇਰੇ ਚਰਨਾਂ ਚ ਥਾਂ ਮਿਲੇ ਸਾਨੂੰ, ਅੰਤ ਵੇਲੇ ਮੇਰੇ ਮਾਲਕਾ ॥
ਮੇਰੇ ਮਨ ਵਿਚ ਮੀਂਹ ਬਰਸਾ ਦੇ...

https://bhajanganga.com/bhajan/lyrics/id/1677/title/mere-mann-vich-meenh-barsa-de-rahmata-da-tu-maalka

अपने Android मोबाइल पर BhajanGanga App डाउनलोड करें और भजनों का आनंद ले |